**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ**
**ਐਸ ਸੀ ਓ-104-106, ਸੈਕਟਰ– 34 A, ਚਡੀਗੜ੍ਹ**
**ਫੋਨ ਨੰ: 2623207,2621106,2624673,ਫੈਕਸ ਨੰ: 2624687,2323206**

ਵੱਲ

**ਸਾਰੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)**
**ਪੰਜਾਬ**

ਮੀਮੋ ਨੰ: 3/6-ict-09/hardware/aift/result/52245-64
ਮਿਤੀ : 10 ਜੁਲਾਈ 2009

**ਵਿਸ਼ਾ: ਕੰਪਿਊਟਰ ਟੀਚਰਾਂ ਵਲੋਂ ਵਿਸ਼ਾ ਟੀਚਰਾਂ ਨਾਲ ਮਿਲ ਕੇ ਪ੍ਰੋਜੇਕਟ ਬਣਾਉਣ ਬਾਰੇ ।**

1. ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਵਲ ਧਿਆਨ ਦਿਉ ਜੀ ।

2. ਇਹ ਦੇਖਣ ਵਿਚ ਆਇਆ ਹੈ ਕਿ ਕੰਪਿਊਟਰ ਅਧਿਆਪਕਾਂ ਕੋਲ ਕਾਫੀ ਸਮਾ ਵਾਧੂ ਹੁੰਦਾ ਹੈ ਜੋ ਕਿ ਉਹ ਲਾਭਚੰਦ ਤਰੀਕੇ ਨਾਲ ਵਰਤੋਂ ਵਿਚ ਲਿਆ ਸਕਦੇ ਹਨ ।

3. ਸੋ ਇਹ ਫੈਸਲਾ ਲਿਆ ਗਿਆ ਹੈ ਕਿ ਹਰ ਇਕ ਕੰਪਿਊਟਰ ਟੀਚਰ ਮਨੁਬੂਨ ਟੀਚਰਾਂ ਨਾਲ ਮਿਲ ਕੇ ਸਿਲੇਬਸ ਦੇ ਵਿੱਚੋ ਟੋਪਿਕਾਂ ਤੇ ਹਰ ਸਾਲ ਪੰਜ ਤੋਂ ਛੇ ਪ੍ਰੋਜੇਕਟ ਤਿਆਰ ਕਰਣਗੇ । ਇਹ ਟੋਪਿਕ ਹਿਸਾਬ, ਸਾਇੰਸ ਜਾ ਸਮਾਜਿਕ ਸਾਇੰਸ ਵਿਚੋਂ ਹੋਣਗੇ । ਇਹਨਾਂ ਪੋਜੈਕਟਾਂ ਨੂੰ ਤਿਆਰ ਕਰਨ ਲਈ ਨਿਰਧਾਰਤ ਕਿਤਾਵ ਤੋਂ ਇਲਾਵਾ, ਹੋਰ ਸਾਧਨਾਂ ਜਿਵੇਂ ਕਿ ਲਾਇਬਰੇਰੀ, ਇੰਟਰਨੈਟ ਇਨਸਾਈਕਲੋਪੀਡੀਆ ਆਦਿ ਤੋਂ ਵੀ ਪੂਰੀ ਮਿਹਨਤ ਅਤੇ ਲਗਨ ਨਾਲ ਘੋਖ ਕੀਤੀ ਜਾਣੀ ਚਾਹੀਦੀ ਹੈ ਅਤੇ ਪ੍ਰੋਜੈਕਟ ਨੂੰ ਵਧ ਤੋਂ ਵਧ ਕਾਰਗਰ ਅਤੇ ਲਾਭਵੰਦ ਬਣਾਉਣ ਦੀ ਕੋਸ਼ਿਸ ਕੀਤੀ ਜਾਣੀ ਚਾਹੀਦੀ ਹੈ ।

4. ਪ੍ਰੋਜੈਕਟ ਦੇ ਟੌਪਿਕ ਸਕੂਲ ਦੇ ਮੁੱਖੀ,ਕੰਪਿਊਟਰ ਟੀਚਰ ਅਤੇ ਵਿਸ਼ਾ ਟੀਚਰਾਂ ਦੇ ਪਰਸਪਰ ਤਾਲਮੇਲ ਤੋਂ ਬਾਅਦ ਫਾਈਨਲ ਹੋਣੇ ਚਾਹੀਦੇ ਹਨ ।

5. ਇਹ ਪੋਜੇਕਟ ਬਣਾਉਣ ਦੇ ਸਿਟੇ ਵਜੋਂ, ਕੰਪਿਊਟਰ ਟੀਚਰਾਂ ਨੂੰ ਟਰੇਨਿੰਗ ਮਿਲੇਗੀ ਤਾਂ ਉਹ ਕੰਪਿਊਟਰ ਵਿਸ਼ੇ ਨੂੰ ਹੋਰ ਸੁਚਾਰੂ ਢੰਗ ਨਾਲ ਪੜਾ ਸਕਣਗੇ ।

**ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ**
**ਪੰਜਾਬ**